# ਪੁੱਤਰ ਤਰਜੀਹ ਦੀ ਸਚਾਈ

## ਪਹਿਲੀ ਸਚਾਈ

**ਇੰਡੋ ਕਨੇਡੀਅਨ ਭਾਈਚਾਰੇ ਦੇ ਕੁੱਝ ਲੋਕ ਲੜਕੀਆਂ ਨੂੰ ਤਰਜੀਹ ਦਿੰਦੇ ਹਨ. ਲੜਕਿਆਂ ਨੂੰ ਤਰਜੀਹ ਦੇਣਾ ਲੜਕੀਆਂ ਨਾਲ ਵਿਤਕਰਾ ਕਰਨਾ ਹੈ.**

ਪੁੱਤਰ ਤਰਜੀਹ ਦੇ ਕਈ ਰੂਪ ਹਨ. ਪੁੱਤਰ ਤਰਜੀਹ ਇਕ ਨਜਰੀਆ ਹੈ ਜੋ ਕਿ ਇਸ ਵਿਸਵਾਸ ਤੇ ਅਧਾਰਿਤ ਹੈ ਕਿ ਲੜਕੀਆਂ ਲੜਕਿਆਂ ਤੋਂ ਘਟੀਆ ਹਨ. ਇਹ ਵਿਸਵਾਸ ਲੜਕੀਆਂ ਵਿੱਚ ਸਿਹਤ, ਵਿਦਿਅਕ, ਸਮਾਜਿਕ ਅਤੇ ਆਰਥਿਕ ਮੌਕਿਆਂ ਨੂੰ ਸੀਮਤ ਕਰ ਸਕਦਾ ਹੈ. ਪੁੱਤਰ ਪ੍ਰਾਪਤੀ ਲਈ ਲੜਕੀਆਂ ਦੀ ਭਰੂਣ ਹਤਿਆ ਇਸ ਦਾ ਸਿਖਰ ਹੈ.

ਜਦ ਕੀ ਪੁੱਤਰ ਪ੍ਰਾਪਤੀ ਲਈ ਲੜਕੀਆ ਦੀ ਭਰੂਣ ਹਤਿਆ ਇਕ ਅਸਧਾਰਣ ਵਰਤਾਰਾ ਹੈ. ਖੋਜ ਦੱਸਦੀ ਹੈ ਕੀ ਕੁੱਝ ਲੋਕ ਜੋ ਕੀ ਭਾਰਤ ਤੋਂ ਪਰਿਵਾਸ ਕਰਕੇ ਓਨਟੇਰੀਓ ਵਿੱਚ ਆਏ ਹਨ, ਉਹ ਇਸ ਤਰਾਂ ਦੀ ਲਿੰਗ ਚੁਣਨ ਦੀ ਕਿਰਿਆ ਵਿੱਚ ਭਾਗ ਲੈਂਦੇ ਹਨ. (1–3)

### ਕੀ ਤੁਹਾਨੂੰ ਪਤਾ ਹੈ:

ਇੰਡੋ ਕਨੇਡੀਅਨ ਭਾਈਚਾਰੇ ਵਿੱਚ ਕੁੱਝ ਮਾਵਾਂ, ਬਾਪ ਅਤੇ ਬਜੁਰਗ ਇਹ ਮੰਨਦੇ ਹਨ ਕੀ ਕੁੱਝ ਰਿਵਾਇਤੀ ਦਵਾਈਆਂ, ਅਰਦਾਸਾਂ ਅਤੇ ਕੁੱਝ ਸਮਾਜਿਕ ਰਿਵਾਇਤਾਂ, ਮਾਵਾਂ ਦੀ ਕੁੱਖ ਵਿੱਚ, ਪੁੱਤਰ ਹੋਣ ਵਿੱਚ ਮੱਦਦ ਕਰਦੀਆਂ ਹਨ.





## ਦੂਸਰੀ ਸਚਾਈ

**ਇੰਡੋ ਕਨੇਡੀਅਨ ਭਾਈਚਾਰੇ ਦੇ ਪੜੇ ਲਿਖੇ ਅਤੇ ਅਨਪੜ ਲੋਕ ਪੁੱਤਰ ਨੂੰ ਤਰਜੀਹ ਦੇਣ ਦੇ ਮਾਮਲੇ ਵਿੱਚ ਬਰਾਬਰ ਹਨ.**

ਖੋਜ ਤੋਂ ਪਤਾ ਲਗਿਆ ਹੈ ਕੀ ਪੜ੍ਹੇ ਲਿਖੇ ਹੋਣ ਨਾਲ ਇਸ ਮਾਮਲੇ ਵਿੱਚ ਕੋਈ ਫਰਕ ਨਹੀ ਪੈਂਦਾ ਹੈ. ਕੁੱਝ ਉੱਚ ਵਿਦਿਅਕ ਯੋਗਤਾ ਰੱਖਣ ਵਾਲੇ ਪਰਿਵਾਰ ਭਾਰਤ ਅਤੇ ਓਨਟੇਰੀਓ ਵਿੱਚ ਧੀਆਂ ਦੀ ਭਰੂਣ ਹਤਿਆ ਵਿੱਚ ਭਾਗ ਲੈਂਦੇ ਹਨ. (4)

## ਤੀਸਰੀ ਸਚਾਈ

**ਔਰਤਾਂ ਅਤੇ ਉਹਨਾਂ ਦੇ ਪਰਿਵਾਰ ਕੁਦਰਤੀ ਤਰੀਕੇ ਨਾਲ ਅਣਜੰਮੇ ਬੱਚੇ ਦੇ ਲਿੰਗ ਨੂੰ ਨਹੀ ਚੁਣ ਸਕਦੇ.**

ਮਨੁੱਖੀ ਜੀਵ ਦਾ ਲਿੰਗ ਨਿਰਧਾਰਨ ਮਾਂ ਦੇ ਆਂਡੇ ਅਤੇ ਬਾਪ ਦੇ ਵੀਰਜ ਵਿਚਲੇ ਤੱਤਾਂ ਤੇ ਨਿਰਭਰ ਕਰਦਾ ਹੈ.

ਬੱਚੇ ਦਾ ਲਿੰਗ ਨਿਰਧਾਰਨ ਇਸ ਗੱਲ ਤੇ ਨਿਰਭਰ ਕਰਦਾ ਹੈ, ਕੀ ਮਾਂ ਦਾ ਆਂਡਾ ਅਤੇ ਬਾਪ ਦਾ ਵੀਰਜ ਕਿਸ ਬਿੰਦੂ ਤੇ ਮਿਲਦੇ ਹਨ. ਗਰਭ ਧਾਰਨ ਤੋ ਪਹਿਲਾਂ ਅਤੇ ਬਾਅਦ ਵਿੱਚ ਅਜਿਹਾ ਕੁੱਝ ਵੀ ਨਹੀ ਕੀਤਾ ਜਾ ਸਕਦਾ ਜੋ ਕੀ ਗਰਭ ਵਿਚਲੇ ਲਿੰਗ ਨੂੰ ਪਰਿਭਾਵਿਤ ਕਰ ਸਕੇ.

ਕੁੱਝ ਰਿਵਾਇਤੀ ਦਵਾਈਆਂ ਜਿਹੜੀਆਂ ਕੀ ਇਹ ਸੋਚ ਕੇ ਲਈਆਂ ਜਾਂਦੀਆਂ ਹਨ ਕੀ ਇਹ ਲੜਕਾ ਪੈਦਾ ਕਰਨ ਵਿੱਚ ਮੱਦਦ ਕਰਨਗੀਆ. ਓਹਨਾ ਵਿਚਲੇ ਰਸਾਇਣ ਅਣਜੰਮੇ ਬੱਚੇ ਨੂੰ ਨੁਕਸਾਨ ਪੁਚਾ ਸਕਦੇ ਹਨ. (5–6)

### ਕੀ ਤੁਹਾਨੂੰ ਪਤਾ ਹੈ:

ਮਾਂ ਦੇ ਆਂਡੇ ਵਿੱਚ ਹਮੇਸ਼ਾ x ਅਤੇ ਬਾਪ ਦੇ ਵੀਰਜ ਵਿੱਚ x ਜਾਂ y ਹੁੰਦਾ ਹੈ.




ਮਾਂ ਦਾ x ਅਤੇ ਬਾਪ ਦਾ x ਮਾਦਾ ਪੈਦਾ ਕਰਦਾ ਹੈ.

ਮਾਂ ਦਾ x ਅਤੇ ਬਾਪ ਦਾ y ਨਰ ਪੈਦਾ ਕਰਦਾ ਹੈ.

**ਸਾਡੀਆਂ ਅਜੋਕੀਆਂ ਧੀਆਂ ਉਹ ਸਭ ਕੁੱਝ ਕਰ ਸਕਦੀਆਂ ਹਨ ਜਿਹਨਾਂ ਦੀ ਅਸੀ ਪੁੱਤਰਾਂ ਤੋ ਆਸ ਰੱਖਦੇ ਹਾਂ. ਉਹ ਕਾਨੂੰਨੀ ਤੌਰ ਤੇ ਜਾਇਦਾਦ ਦੀਆਂ ਮਾਲਕ ਬਣ ਸਕਦੀਆਂ ਹਨ, ਆਪਣੇ ਪਰਿਵਾਰ ਚਲਾ ਸਕਦੀਆਂ ਹਨ, ਅਤੇ ਵਿਆਹ ਤੋ ਬਾਅਦ, ਆਪਣੇ ਮਾਪਿਆਂ ਨਾਲ ਆਰਥਿਕ ਰਿਸਤਾ ਰੱਖ ਸਕਦੀਆਂ ਹਨ.**

## ਆਓ ਸਾਰੇ ਰਲਕੇ ਆਪਣੀਆਂ ਧੀਆਂ ਦੀ ਯੋਗਤਾ ਅਤੇ ਸਕਤੀ ਉਤੇ ਮਾਣ ਮਹਿਸੂਸ ਕਰੀਏ.

### ਫੋਨ ਕਰੋ

ਹੋਰ ਜਾਣਕਾਰੀ ਲਈ ਇਹਨਾਂ ਨੰਬਰਾਂ ਤੇ ਫੋਨ ਕਰੋ:
ਪੰਜਾਬੀ ਕਮਿਊਨਟੀ ਹੈਲਥ ਸਰਵਿਸਸ: 905-677-0889
ਸਾਊਥ ਏਸੀਅਨ ਵੂਮੇਨਸ ਸੈਂਟਰ: 416-537-2276

### ਵਿਚਾਰ ਚਰਚਾ

ਪਰੀਵਰਤਨ ਤੁਹਾਡੇ ਨਾਲ ਸੁਰੂ ਹੁੰਦਾ ਹੈ. ਆਪਣੇ ਘਰ ਵਿੱਚ ਪਰਿਵਾਰ ਦੀ ਸਿਹਤ ਅਤੇ ਤੰਦਰੁਸਤੀ ਲਈ ਆਪਸ ਵਿੱਚ ਗੱਲ ਬਾਤ ਕਰੋ.

### ਅਗ੍ਹਾਂ ਵੰਡੋ

ਇਸ ਇੰਫਓਪੋਸਟਰ ਨੂੰ ਸੋਸਲ ਮੀਡੀਆ ਤੇ ਸੇਅਰ ਕਰਨ ਲਈ ਹੈਸਟਗ ਵਰਤੋਂ:
#celebratingdaughters
#laadliyan

> **“ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
> ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
> ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥”**
>
> — ਗੁਰੂ ਨਾਨਕ ਦੇਵ ਜੀ.
> (ਸ੍ਰੀ ਗੁਰੂ ਗਰੰਥ ਸਾਹਿਬ ਜੀ. P. 473).


REFERENCES

1. Brar, A., Wanigaratne, S., Pulver, A., Ray, J.G., Urquia, M.L., 2017. Sex Ratios at Birth Among Indian Immigrant Subgroups According to Time Spent in Canada. J. Obstet. Gynaecol. Can. 39, 459-464.e2.
2. Neogi, S.B., Negandhi, P., Chopra, S., Das, A.M., Zodpey, S., Gupta, R.K., Gupta, R., 2016. Risk Factors for Stillbirth: Findings from a Population-Based Case-Control Study, Haryana, India: Risk factor for stillbirths. Paediatr. Perinat. Epidemiol. 30, 56–66.
3. Neogi, S.B., Negandhi, P.H., Sandhu, N., Gupta, R.K., Ganguli, A., Zodpey, S., Singh, Amarjeet, Singh, Arun, Gupta, R., 2015. Indigenous Medicine Use for Sex Selection During Pregnancy and Risk of Congenital Malformations: A Population-Based Case-Control Study in Haryana, India. Drug Saf. 38, 789–797.
4. Subramanian, S.V., Selvaraj, S., 2009. Social analysis of sex imbalance in India: before and after the implementation of the pre-natal diagnostic techniques (PNDT) Act. J. Epidemiol. Community Health 63.
5. Urquia, M., Moineddin, R., Jha, P., O'Campo, P., McKenzie, K., Glazier, R., Henry, D., Ray, J., 2016a. Sex ratios at birth after induced abortion. Can. Med. Assoc. J. 188, E181–E190.
6. Urquia, M., Ray, J., Wanigaratne, S., Moineddin, R., O'Campo, P., 2016b. Variation in male-female infant ratios among births to Canadian- and Indian-born mothers, 1990-2011: a population-based register study. Can. Med. Assoc. J. Open 4, E116–E123.



ਇਹ ਪੋਸਟਰ ਇਕ ਕਮਿਊਨਟੀ ਅਦਵਾਈਸਰੀ ਗਰੁੱਪ ਨੇ ਤਿਆਰ ਕੀਤਾ ਹੈ, ਜਸਿ ਵਿੱਚ ਭਾਗ ਲਿਆ ਪੰਜਾਬੀ ਕਮਿਊਨਟੀ ਹੈਲਥ ਸਰਵਸਿਸ, ਸਾਊਥ ਏਸੀਅਨ ਵੂਮੇਨਸ ਸੈਂਟਰ, ਲਾਡਲੀਆਂ, ਪੰਜਾਬੀ ਕਮਿਊਨਟੀ ਦੇ ਭਾਈਚਾਰੇ ਨੇ ਅਤੇ ਸੈਂਟ ਮਾਇਕੇਲਸ ਹੌਸਪੀਟਲ ਦੇ ਖੋਜਦਾਰਾਂ ਨੇ. ਇਹ ਪ੍ਰਾਜੈਕਟ ਮਹਲਿਾ Xchange ਦੇਣ ਦਾ ਫੰਡ ਹੈ.


pchs Serving Diverse Communities | SOUTH ASIAN WOMEN'S CENTRE | Laadliyan Celebrating Daughters | St. Michael's Inspired Care. Inspiring Science. | Centre for Urban Health Solutions | WOMEN'S COLLEGE HOSPITAL women's xchange